ਵਿਸ਼ਾ- ਪੰਜਾਬੀ | ਜਮਾਤ- ਦਸਵੀਂ | ਸਾਲ- ਅਪ੍ਰੈਲ/ਮਈ 2020

# ਇਕਾਂਗੀ - ਬੰਬ ਕੇਸ ਬਲਵੰਤ ਗਾਰਗੀ



## ਵੀਰਾਂ ਵਾਲੀ ਦਾ ਪਾਤਰ ਚਿਤਰਣ

**ਜਾਣ ਪਛਾਣ :-** ਵੀਰਾਂ ਵਾਲੀ 'ਬੰਬ ਕੇਸ' ਇਕਾਂਗੀ ਦੀ ਮਹੱਤਵਪੂਰਨ ਪਾਤਰ ਹੈ। ਉਹ ਇੱਕ ਸ਼ਰਨਾਰਥੀ ਇਸਤਰੀ ਹੈ। ਉਸ ਦੇ ਤਿੰਨ ਪੁੱਤਰ ਹਨ। ਉਨ੍ਹਾਂ ਵਿੱਚ ਇੱਕ ਵਜ਼ੀਰਾ ਹੈ, ਜੋ ਕਿ ਇਕਾਂਗੀ ਦਾ ਇੱਕ ਪਾਤਰ ਹੈ। ਦੀਪੋ ਉਸ ਦੀ ਧੀ ਹੈ। ਇਕਾਂਗੀਕਾਰ ਨੇ ਉਸ ਦੀ ਇੱਕ ਮਾਂ ਦੇ ਰੂਪ ਵਿਚ ਸਫ਼ਲਤਾ ਸਹਿਤ ਪਾਤਰ-ਉਸਾਰੀ ਕੀਤੀ ਹੈ। ਉਸ ਦੇ ਚਰਿੱਤਰ ਦੇ ਮੁੱਖ ਗੁਣ ਹੇਠ ਲਿਖੇ ਹਨ :-

**ਪੁੱਤਰ ਪਿਆਰ ਨਾਲ ਭਰਪੂਰ :-** ਉਹ ਆਪਣੇ ਪੁੱਤਰਾਂ ਤੋਂ ਭਾਵੇਂ ਨਿਰਾਸ਼ ਹੈ, ਕਿਉਂਕਿ ਉਹ ਆਪਸ ਵਿੱਚ ਲੜਦੇ ਰਹਿੰਦੇ ਹਨ ਤੇ ਉਸ ਨੂੰ ਪਿਆਰ ਨਹੀਂ ਕਰਦੇ, ਪਰ ਉਹ ਕਹਿੰਦੀ ਹੈ ਕਿ ਮਾਪੇ ਕੁਮਾਪੇ ਨਹੀਂ ਹੁੰਦੇ। ਜਦੋਂ ਥਾਣੇਦਾਰ ਉਸ ਦੇ ਪੁੱਤਰ ਨੂੰ ਗ੍ਰਿਫ਼ਤਾਰ ਕਰ ਲੈਂਦਾ ਹੈ, ਤਾਂ ਉਹ ਬਹੁਤ ਤਰਲੋ-ਮੱਛੀ ਹੁੰਦੀ ਹੈ।

**ਧੀ ਦੇ ਵਿਆਹ ਦਾ ਫ਼ਿਕਰ ਕਰਨ ਵਾਲੀ :-** ਉਹ ਆਪਣੀ ਧੀ ਦੀਪੋ ਦੇ ਵਿਆਹ ਦਾ ਬਹੁਤ ਫ਼ਿਕਰ ਕਰਦੀ ਹੈ। ਉਹ ਕਹਿੰਦੀ ਹੈ," ਹੇ ਰੱਬਾ ! ਹੁਣ ਇਹ ਸਿਆਣੀ ਹੋ ਗਈ ਏ ? ਕੋਈ ਮੁੰਡਾ ਲੱਭੇ ਤਾਂ ਇਸ ਦਾ ਵੀ ਤਰੋਪਾ ਭਰਾ।"

**ਧੀ ਨਾਲ ਵਿਤਕਰਾ ਕਰਨ ਵਾਲੀ :-** ਉਹ ਪੁੱਤਰ ਦੇ ਮੁਕਾਬਲੇ ਧੀ ਨਾਲ ਵਿਤਕਰਾ ਰੱਖਦੀ ਹੈ, ਇਸੇ ਕਰਕੇ ਉਹ ਦੀਪੋ ਤੋਂ ਗੁੜ ਦੀ ਰੋੜੀ ਲੈ ਲੈਂਦੀ ਹੈ, ਜਿਹੜੀ ਉਸ ਨੇ ਲੁਕੋ ਕੇ ਆਪਣੇ ਪੁੱਤਰ ਲਈ ਰੱਖੀ ਹੋਈ ਸੀ। ਮਾਂ ਦੇ ਅਜਿਹੇ ਵਤੀਰੇ ਨੂੰ ਦੇਖ ਕੇ ਦੀਪੋ ਨੂੰ ਗੁੱਸਾ ਆਉਂਦਾ ਹੈ।

**ਹੌਂਸਲੇ ਵਾਲੀ :-** ਜਦੋਂ ਖੂਹ ਵਿੱਚ ਕੋਈ ਚੀਜ਼ ਡਿੱਗ ਪੈਂਦੀ ਸੀ ਤਾਂ ਉਹ ਖੂਹ 'ਚ ਉਤਰ ਕੇ ਕੱਢ ਲਿਆਉਂਦੀ ਸੀ। ਇਸੇ ਤਰ੍ਹਾਂ ਉਸ ਨੇ ਇੱਕ ਵਾਰੀ ਖੂਹ 'ਚੋਂ ਡਿੱਗਿਆ ਆਪਣਾ ਮੇਮਣਾ ਕੱਢਿਆ ਸੀ।

**ਭੋਲੀ-ਭਾਲੀ ਔਰਤ :-** ਉਹ ਇੱਕ ਭੋਲੀ ਭਾਲੀ ਇਸਤਰੀ ਹੈ। ਉਹ ਸਿਪਾਹੀ ਤੇ ਠਾਣੇਦਾਰ ਦੀਆਂ ਚੁਸਤੀ ਭਰੀਆਂ ਗੱਲਾਂ ਨਹੀਂ ਸਮਝ ਸਕਦੀ। ਜਦੋਂ ਸਿਪਾਹੀ ਉਸ ਨੂੰ ਕਹਿੰਦਾ ਹੈ ਕਿ ਉਹ ਉਸ ਦੇ ਇੱਕ ਪੁੱਤਰ ਨੂੰ ਕੋਠੜੀ ਤੇ ਖਾਣਾ ਮੁਫ਼ਤ ਦੇਣਗੇ ਤਾਂ ਉਹ ਕਹਿੰਦੀ ਹੈ," ਤੁਹਾਡੇ ਬੱਚੇ ਜਿਉਣ। ਬੇਸ਼ੱਕ ਇੱਕ ਨੂੰ ਹੀ ਦਿਓ। ਇੱਕ ਦਾ ਬੰਦੋਬਸਤ ਹੋ ਜਾਏ, ਬਾਕੀਆਂ ਦਾ ਵੀ ਈਕਰ ਹੀ ਕੋਈ ਹੀਲਾ ਬਣ ਜਾਊ।"

**ਇੱਕ ਦੁਖੀ ਇਸਤਰੀ :-** ਉਹ ਸ਼ਰਨਾਰਥੀ ਤੇ ਤੰਗੀਆਂ ਦੀ ਸ਼ਿਕਾਰ ਹੋਣ ਕਰਕੇ ਵੀ ਦੁਖੀ ਹੈ ਅਤੇ ਪੁੱਤਰ ਦੇ ਬਿਨਾਂ ਕਿਸੇ ਕਸੂਰ ਦੇ ਫੜੇ ਜਾਣ ਕਰਕੇ ਵੀ।

## ਵਜ਼ੀਰੇ ਦਾ ਪਾਤਰ ਚਿਤਰਨ

**ਜਾਣ ਪਛਾਣ :-** ਵਜੀਰਾ 'ਬੰਬ ਕੇਸ' ਇਕਾਂਗੀ ਦਾ ਮਹੱਤਵਪੂਰਨ ਪਾਤਰ ਹੈ। ਉਹ ਵੀਰਾਂਵਾਲੀ ਦਾ ਪੁੱਤਰ ਹੈ। ਉਹ ਸ਼ਰਨਾਰਥੀ ਹੈ। ਪਾਕਿਸਤਾਨ ਤੋਂ ਆ ਕੇ ਉਸ ਨੇ ਘਰ ਦਾ ਗੁਜ਼ਾਰਾ ਤੋਰਨ ਲਈ ਕਈ ਪਾਪੜ ਵੇਲੇ। ਹੁਣ ਉਹ ਟਾਂਗਿਆਂ ਦੇ ਬੰਬ ਬਣਾ ਕੇ ਗੁਜ਼ਾਰਾ ਕਰਨ ਲੱਗਾ, ਪਰ ਇਲਾਕੇ ਦਾ ਥਾਣੇਦਾਰ ਬਿਨਾਂ ਕੁਝ ਸੋਚੇ ਸਮਝੇ ਉਸ ਨੂੰ ਬੰਬ ਬਣਾਉਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕਰ ਲੈਂਦਾ ਹੈ। ਉਸ ਦੇ ਚਰਿੱਤਰ ਦੇ ਮੁੱਖ ਗੁਣ ਹੇਠ ਲਿਖੇ ਹਨ :-

**ਮਿਹਨਤ ਮਜ਼ਦੂਰੀ ਕਰਨ ਵਾਲਾ :-** ਉਹ ਇੱਕ ਕਿਰਤੀ ਆਦਮੀ ਹੈ। ਪਾਕਿਸਤਾਨ ਤੋਂ ਉਜੜਨ ਮਗਰੋਂ ਉਸ ਨੇ ਘਰ ਦਾ ਗੁਜ਼ਾਰਾ ਤੋਰਨ ਲਈ ਕਈ ਕੰਮ ਕੀਤੇ ਤੇ ਅੰਤ ਟਾਂਗਿਆਂ ਦੇ ਬੰਬ ਬਣਾਉਣ ਦਾ ਕੰਮ ਕਰਨ ਲੱਗ ਪਿਆ। ਉਹ ਤੇਸਾ, ਆਰੀ ਚੁੱਕ ਕੇ ਲੋਕਾਂ ਦੇ ਘਰ ਲੱਕੜੀ ਦਾ ਕੰਮ ਕਰਨ ਵੀ ਜਾਂਦਾ ਹੈ।

**ਸਰਕਾਰੀ ਅਫ਼ਸਰਾਂ ਤੋਂ ਡਰਨ ਵਾਲਾ :-** ਉਹ ਥਾਣੇਦਾਰ ਤੋਂ ਡਰਦਾ ਹੈ ਤੇ ਉਸ ਨਾਲ ਬੜੀ ਅਧੀਨਗੀ ਨਾਲ ਗੱਲ ਕਰਦਾ ਹੈ। ਉਹ ਉਸ ਨੂੰ ਕਹਿੰਦਾ ਹੈ ਕਿ ਜੇਕਰ ਉਸ ਦੇ ਟਾਂਗੇ ਦੇ ਬੰਬ ਟੁੱਟੇ ਹੋਏ ਹਨ, ਤਾਂ ਉਹ ਉਸ ਲਈ ਛੇਤੀ ਬਣਾ ਦੇਵੇਗਾ।

**ਭਰਾਵਾਂ ਨਾਲ ਲੜਦਾ ਰਹਿਣ ਵਾਲਾ :-** ਵੀਰਾਂਵਾਲੀ ਅਨੁਸਾਰ ਵਜ਼ੀਰੇ ਸਮੇਤ ਉਸ ਦੇ ਤਿੰਨੇ ਪੁੱਤਰ ਆਪਸ ਵਿੱਚ ਲੜਦੇ ਰਹਿੰਦੇ ਹਨ ਤੇ ਉਸ ਨੂੰ ਪਿਆਰ ਨਹੀਂ ਕਰਦੇ।

**ਹਾਸ-ਰਸ ਉਪਜਾਉਣ ਵਾਲਾ :-** ਇਕਾਂਗੀ ਵਿੱਚ ਉਸਦੀ ਥਾਣੇਦਾਰ ਨਾਲ ਗੱਲਬਾਤ ਅਤੇ ਉਸ ਦੇ ਤਰਲੇ ਇਕਾਂਗੀ ਵਿੱਚ ਹਾਸ-ਰਸ ਪੈਦਾ ਕਰਦੇ ਹਨ ਤੇ ਥਾਣੇਦਾਰ ਦੇ ਵਿਅੰਗਮਈ ਚਰਿੱਤਰ ਨੂੰ ਖ਼ੂਬ ਉਘਾੜਦੇ ਹਨ।

## ਥਾਣੇਦਾਰ ਦਾ ਪਾਤਰ ਚਿਤਰਨ

**ਜਾਣ ਪਛਾਣ :-** ਠਾਣੇਦਾਰ ਬੰਬ ਕੇਸ ਇਕਾਂਗੀ ਦਾ ਮੁੱਖ ਪਾਤਰ ਹੈ। ਇਕਾਂਗੀਕਾਰ ਨੇ ਸਾਰੇ ਇ ਇਕਾਂਗੀ ਦੀ ਰਚਨਾ ਉਸ ਦੇ ਬੇਸਮਝੀ ਭਰੇ ਚਰਿੱਤਰ ਨੂੰ ਪੇਸ਼ ਕਰਨ ਲਈ ਹੀ ਕੀਤੀ ਹੈ। ਉਹ ਥਾਣੇ ਵਿੱਚ ਨਵਾਂ-ਨਵਾਂ ਆਇਆ ਹੈ ਅਤੇ ਇਲਾਕੇ ਵਿੱਚ ਆਪਣਾ ਰੋਅਬ ਪਾਉਣ ਲਈ ਸਿਪਾਹੀ ਨੂੰ ਨਾਲ ਲੈ ਕੇ ਗ਼ਸ਼ਤ ਕਰਨ ਨਿਕਲਦਾ ਹੈ, ਉਹ ਵਜ਼ੀਰੇ ਨੂੰ ਬੰਬ ਬਣਾਉਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕਰ ਲੈਂਦਾ ਹੈ। ਇਕਾਂਗੀਕਾਰ ਨੇ ਉਸ ਦੇ ਪਾਤਰ ਨੂੰ ਕੁਦਰਤੀ ਨਹੀਂ, ਸਗੋਂ ਆਪਣੀ ਮਰਜ਼ੀ ਅਨੁਸਾਰ ਢਾਲਿਆ ਹੈ। ਉਸ ਦੇ ਚਰਿੱਤਰ ਦੇ ਮੁੱਖ ਪੱਖ ਹੇਠ ਲਿਖੇ ਹਨ :-

**ਬੇਸਮਝ ਅਫ਼ਸਰ :-** ਥਾਣੇਦਾਰ ਇੱਕ ਬੇਸਮਝ ਅਫਸਰ ਹੈ। ਉਹ ਟਾਂਗੇ ਦੇ ਬੰਬਾਂ ਅਤੇ ਕੈਮੀਕਲ ਬੰਬਾਂ ਦੇ ਫ਼ਰਕ ਨੂੰ ਨਹੀਂ ਜਾਣਦਾ। ਵਜ਼ੀਰੇ ਨੂੰ ਬੰਬ ਕੇਸ ਵਿੱਚ ਗ੍ਰਿਫ਼ਤਾਰ ਕਰਦਾ ਹੋਇਆ ਗੱਲ ਦੀ ਤਹਿ ਤੱਕ ਨਹੀਂ ਪੁੱਜਦਾ ਅਤੇ ਉਸ ਵਿਰੁੱਧ ਕੋਈ ਸਬੂਤ ਇਕੱਤਰ ਨਹੀਂ ਕਰਦਾ।

**ਆਪਣੇ ਅਹੁਦੇ ਤੇ ਸਖ਼ਤ ਸੁਭਾਅ ਦਾ ਰੋਹਬ ਪਾਉਣ ਵਾਲਾ :-** ਉਹ ਥਾਣੇ ਵਿੱਚ ਨਵਾਂ-ਨਵਾਂ ਆਇਆ ਹੈ। ਇਸ ਕਰਕੇ ਉਹ ਇਲਾਕੇ ਦੇ ਲੋਕਾਂ ਤੇ ਸਿਪਾਹੀ ਉੱਪਰ ਆਪਣੇ ਅਹੁਦੇ ਤੇ ਸਖ਼ਤ ਸੁਭਾਅ ਦਾ ਰੋਅਬ ਪਾਉਣਾ ਚਾਹੁੰਦਾ ਹੈ। ਇਸ ਮਕਸਦ ਲਈ ਉਹ ਸਿਪਾਹੀ ਨੂੰ ਨਾਲ ਲੈ ਕੇ ਇਲਾਕੇ ਦੀ ਗ਼ਸ਼ਤ ਕਰਦਾ ਹੈ ਤੇ ਸਿਪਾਹੀ ਨੂੰ ਦੱਸਦਾ ਹੈ ਕਿ ਉਹ ਬੜੇ ਸਖ਼ਤ ਤੇ ਬੇਤਰਸ ਸੁਭਾਅ ਦਾ ਮਾਲਕ ਹੈ ਤੇ ਉਹ ਇਲਾਕੇ ਦੇ ਸਭ ਲੋਕਾਂ ਨੂੰ ਸਿੱਧੇ ਕਰ ਦੇਵੇਗਾ।

**ਖ਼ੁਸ਼ਾਮਦ-ਪਸੰਦ :-** ਉਹ ਖ਼ੁਸ਼ਾਮਦ-ਪਸੰਦ ਹੈ। ਗ਼ਸ਼ਤ ਕਰਦੇ ਸਮੇਂ ਸਿਪਾਹੀ ਉਸ ਦੇ ਕੰਮ ਕਰਨ ਦੇ ਤਰੀਕੇ ਦੀ ਪ੍ਰਸ਼ੰਸਾ ਕਰਦਾ ਹੈ ਤੇ ਉਹ ਖ਼ੁਸ਼ਾਮਦ ਵਿੱਚ ਆ ਕੇ ਉਸ ਨੂੰ ਇਲਾਕੇ ਦੇ ਲੋਕਾਂ ਉਪਰ ਆਪਣਾ ਰੋਅਬ ਪਾਉਣ ਦੇ ਤਰੀਕਿਆਂ ਤੇ ਬਦਮਾਸ਼ਾਂ ਨੂੰ ਕੁੱਟਣ-ਮਾਰਨ ਦੇ ਤਰੀਕਿਆਂ ਬਾਰੇ ਦੱਸਦਾ ਹੈ।

**ਵਿਅੰਗਮਈ ਪਾਤਰ :-** ਉਸ ਦਾ ਟਾਂਗੇ ਦੇ ਬੰਬਾਂ ਨੂੰ ਕੈਮੀਕਲ ਬੰਬ ਸਮਝ ਕੇ ਵਜ਼ੀਰੇ ਨੂੰ ਗ੍ਰਿਫ਼ਤਾਰ ਕਰਨਾ ਤੇ ਉਸ ਵੱਲੋਂ ਆਪਣੀ ਯੋਗਤਾ ਸਬੰਧੀ ਮਾਰੀਆਂ ਸ਼ੇਖ਼ੀਆਂ ਉਸ ਨੂੰ ਇੱਕ ਵਿਅੰਗਮਈ ਪਾਤਰ ਬਣਾ ਦਿੰਦੀਆਂ ਹਨ।

## ਸਿਪਾਹੀ ਦਾ ਪਾਤਰ ਚਿਤਰਨ

**ਜਾਣ ਪਛਾਣ :-** ਸਿਪਾਹੀ ਬੰਬ ਕੇਸ ਇਕਾਂਗੀ ਦਾ ਇੱਕ ਪਾਤਰ ਹੈ। ਉਸ ਦਾ ਨਾਂ ਲੱਖਾ ਸਿੰਘ ਹੈ। ਉਹ ਠਾਣੇਦਾਰ ਦੇ ਅਧੀਨ ਹੈ ਤੇ ਉਸ ਦੇ ਨਾਲ ਇਲਾਕੇ ਦੀ ਗਸ਼ਤ ਕਰਨ ਨਿਕਲਦਾ ਹੈ। ਉਹ ਵੀ ਵਜ਼ੀਰੇ ਦੇ ਵਿਰੁੱਧ ਬੰਬ ਕੇਸ ਬਣਾਉਣ ਦੇ ਮਾਮਲੇ ਵਿੱਚ ਭਾਈਵਾਲ ਹੈ। ਉਸ ਦੇ ਚਰਿੱਤਰ ਦੇ ਮੁੱਖ ਪੱਖ ਹੇਠ ਲਿਖੇ ਹਨ :-

**ਖ਼ੁਸ਼ਾਮਦੀ :-** ਸਿਪਾਹੀ ਬੜਾ ਖ਼ੁਸ਼ਾਮਦੀ ਹੈ। ਉਹ ਆਪਣੇ ਨਵੇਂ ਅਫ਼ਸਰ ਥਾਣੇਦਾਰ ਨੂੰ ਖੁਸ਼ ਰੱਖਣ ਲਈ ਉਸ ਤੋਂ ਪਹਿਲੇ ਠਾਣੇਦਾਰ ਨੂੰ ਘਟੀਆ ਅਤੇ ਅਯੋਗ ਦੱਸਦਾ ਹੈ, ਪਰ ਉਸ ਦੀ ਪ੍ਰਸ਼ੰਸਾ ਕਰਦਾ ਹੈ।

**ਸਧਾਰਨ ਲੋਕਾਂ ਦਾ ਵਿਰੋਧੀ :-** ਉਹ ਸਧਾਰਨ ਲੋਕਾਂ ਦਾ ਵਿਰੋਧੀ ਹੈ, ਪਰ ਜ਼ਿਮੀਂਦਾਰਾਂ ਦਾ ਪੱਖੀ ਹੈ। ਉਹ ਠਾਣੇਦਾਰ ਨੂੰ ਇਲਾਕੇ ਦੇ ਲੋਕਾਂ ਬਾਰੇ ਦੱਸਦਾ ਹੈ," ਇਹ ਲੋਕ ਪੱਕੇ ਡਾਕੂ ਹਨ। ਪਹਿਲਾਂ ਇਹ ਜ਼ਿਮੀਂਦਾਰਾਂ ਦੀਆਂ ਜ਼ਮੀਨਾਂ ਮੱਲ ਕੇ ਬੈਠ ਕੇ ਗਏ ਤੇ ਆਖਦੇ ਸਨ, ਅਸੀਂ ਵਾਹੀ ਕਰਦੇ ਤੇ ਗੋਡੀ ਕਰਦੇ ਹਾਂ। ਜੇ ਇਹ ਹਲ ਚਲਾਉਂਦੇ ਹਨ, ਤਾਂ ਇਸ ਦਾ ਮਤਲਬ ਇਹ ਨਹੀਂ ਕਿ ਜ਼ਿਮੀਂਦਾਰਾਂ ਦੇ ਖੇਤਾਂ ਉਪਰ ਕਬਜ਼ਾ ਕਰ ਲੈਣ।"

**ਚਲਾਕ :-** ਉਹ ਇੱਕ ਚਲਾਕ ਵਿਅਕਤੀ ਹੈ। ਉਹ ਵੀਰਾਂ ਵਾਲੀ ਨੂੰ ਬੜੀ ਚਲਾਕੀ ਤੇ ਮਕਾਰੀ ਨਾਲ ਕਹਿੰਦਾ ਹੈ ਕਿ ਉਹ ਉਸ ਦੇ ਇੱਕ ਪੁੱਤਰ ਲਈ ਸਰਕਾਰੀ ਕੋਠੜੀ ਅਤੇ ਸਰਕਾਰੀ ਰੋਟੀ ਦਾ ਪ੍ਰਬੰਧ ਕਰ ਦੇਣਗੇ।

**ਬੇਸਮਝ :-** ਉਹ ਚਲਾਕ ਹੋਣ ਦੇ ਨਾਲ ਨਾਲ ਬੇਸਮਝ ਵੀ ਹੈ। ਉਹ ਅਣਜਾਣ ਠਾਣੇਦਾਰ ਦੁਆਰਾ ਬਿਨਾਂ ਕੁਝ ਸੋਚੇ ਸਮਝੇ ਵਜ਼ੀਰੇ ਨੂੰ ਬੰਬ ਕੇਸ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕਰਨ ਦੇ ਮਾਮਲੇ ਵਿੱਚ ਪੂਰੀ ਤਰ੍ਹਾਂ ਭਾਈਵਾਲ ਹੈ। ਪਰ ਉਸ ਦੀ ਇਸ ਬੇਸਮਝੀ ਦਾ ਕਾਰਨ ਉਸ ਵੱਲੋਂ ਠਾਣੇਦਾਰ ਦੀ ਕੀਤੀ ਜਾ ਰਹੀ ਖ਼ੁਸ਼ਾਮਦੀ ਵੀ ਹੋ ਸਕਦਾ ਹੈ।

**ਹਾਸ-ਰਸ ਪੈਦਾ ਕਰਨ ਵਾਲਾ:-** ਉਸ ਦੀ ਖੁਸ਼ਾਮਦੀ, ਚਲਾਕੀ, ਵਿਅੰਗ ਤੇ ਬੇਸਮਝੀ ਇਕਾਂਗੀ ਵਿੱਚ ਹਾਸ ਰਸ ਪੈਦਾ ਕਰਦੀ ਹੈ।

# ਦੀਪੋ ਦਾ ਪਾਤਰ ਚਿਤਰਨ

**ਜਾਣ-ਪਛਾਣ :-** ਦੀਪੋ ਬੰਬ ਕੇਸ ਇਕਾਂਗੀ ਦੀ ਇੱਕ ਨਿਮਨ ਪਾਤਰ ਹੈ। ਉਹ ਵੀਰਾਂ ਵਾਲੀ ਦੀ ਧੀ ਤੇ ਵਜ਼ੀਰੇ ਦੀ ਭੈਣ ਹੈ। ਉਸ ਦੇ ਚਰਿੱਤਰ ਵਿੱਚ ਹੇਠ ਲਿਖੇ ਗੁਣ ਹਨ :-

**ਇੱਕ ਮੁਟਿਆਰ ਕੁੜੀ :-** ਦੀਪੋ ਇੱਕ ਮੁਟਿਆਰ ਕੁੜੀ ਹੈ। ਇਸ ਕਰਕੇ ਵੀਰਾਂ ਵਾਲੀ ਕਹਿੰਦੀ ਹੈ," ਹੇ ਰੱਬਾ ! ਹੁਣ ਇਹ ਸਿਆਣੀ ਹੋ ਗਈ ਏ। ਕੋਈ ਮੁੰਡਾ ਲੱਭੇ, ਤਾਂ ਇਸਦਾ ਵੀ ਤਰੋਪਾ ਭਰਾ।"

**ਵਿਤਕਰੇ ਦੀ ਸ਼ਿਕਾਰ :-** ਉਸ ਦੀ ਮਾਂ ਪੁੱਤਰਾਂ ਦੇ ਮੁਕਾਬਲੇ ਉਸ ਨਾਲ ਵਿਤਕਰਾ ਕਰਦੀ ਹੈ। ਇਸੇ ਕਰਕੇ ਉਹ ਉਸ ਦੇ ਦਾਣਿਆਂ ਵਿੱਚ ਰਲਾਉਣ ਲਈ ਲਿਆ ਗੁੜ ਵਾਪਸ ਲੈ ਲੈਂਦੀ ਹੈ, ਕਿਉਂਕਿ ਉਸ ਨੇ ਉਹ ਲੁਕੋ ਕੇ ਉਸ ਦੇ ਭਰਾ ਲਈ ਰੱਖਿਆ ਹੋਇਆ ਸੀ ਇਹ ਦੇਖ ਕੇ ਦੀਪੋ ਨੂੰ ਗੁੱਸਾ ਚੜ੍ਹ ਜਾਂਦਾ ਹੈ ਤੇ ਉਹ ਗੁੜ ਦੀ ਡਲੀ ਵੀਰਾਂ ਵਾਲੀ ਦੇ ਦਿੰਦੀ ਹੈ

**ਮਾਂ ਦੀ ਆਗਿਆਕਾਰ :-** ਉਹ ਮਾਂ ਦੇ ਕਹੇ ਉਸ ਨੂੰ ਗੁੜ ਵੀ ਦੇ ਦਿੰਦੀ ਹੈ ਤੇ ਜੁੱਲੀਆਂ ਸੁੱਕਣੀਆਂ ਪਾਉਣ ਵੀ ਜਾਂਦੀ ਹੈ।

**ਆਸ਼ਾਵਾਦੀ :-** ਉਸ ਦੇ ਦਿਲ ਵਿੱਚ ਇਹ ਆਸ ਹੈ ਕਿ ਜਿਸ ਤਰ੍ਹਾਂ ਡਾਕੀਏ ਦੇ ਕਹਿਣ ਅਨੁਸਾਰ ਸਰਕਾਰ ਨੇ ਰਫ਼ਿਊਜੀਆਂ ਨੂੰ ਪੱਕੀਆਂ ਕੋਠੀਆਂ ਬਣਾ ਦਿੱਤੀਆਂ ਹਨ, ਇਸੇ ਤਰ੍ਹਾਂ ਉਨ੍ਹਾਂ ਲਈ ਵੀ ਬਣਨਗੀਆਂ। ਇਸੇ ਕਰਕੇ ਉਹ ਆਪਣੀ ਮਾਂ ਨੂੰ ਇਸ ਬਾਰੇ ਖ਼ਬਰ ਸੁਣਾਉਂਦੀ ਹੈ।

ਤਿਆਰ ਕਰਤਾ

ਸੰਦੀਪ ਸਿੰਘ ਪੰਜਾਬੀ ਮਾਸਟਰ

ਸਰਕਾਰੀ ਹਾਈ ਸਕੂਲ ਭਿੰਡੀ ਔਲਖ ( ਅੰਮ੍ਰਿਤਸਰ )